# 16

# ਭਲਾ ਖ਼ੁਦਾ ਨੂੰ ਮਨੁੱਖ ਦੇ ਗੁਆਚੇ ਹੋਣ ਦਾ ਖਿਆਨ ਹੈ?

''ਮੈਂ ਯਹੋਵਾਹ ਬਦਲਦਾ ਨਹੀਂ'' (ਮਲਾਕੀ 3:6)। ਕਿਉਂਕਿ ਖ਼ੁਦਾ ਕਦੇ ਨਹੀਂ ਬਦਲਦਾ, ਇਸ ਲਈ ਮਨੁੱਖ ਦੇ ਗੁਆਚੇ ਹੋਣ ਵਿਚ ਉਸਦੀ ਸੰਜੀਦਗੀ ਨੂੰ ਜਾਣਨ ਲਈ ਅਤੀਤ ਵਿਚ ਹੀ ਝਾਕਣਾ ਪਏਗਾ। ਮਨੁੱਖ ਲਈ ਅੱਜ ਉਹਦੇ ਧਿਆਨ ਬੀਤੇ ਸਮੇਂ ਵਿਚ ਵਿਖਾਏ ਗਏ ਧਿਆਨ ਨਾਲੋਂ ਫ਼ਰਕ ਨਹੀਂ ਹੋ ਸਕਦੇ, ਕਿਉਂਕਿ ਉਹ ''ਕੱਲ ਅਤੇ ਅੱਜ ਅਤੇ ਜੁੱਗੋ ਜੁੱਗ ਇੱਕੋ ਜਿਹਾ ਹੈ'' (ਇਬਰਾਨੀਆਂ 13:8)।

## ਕਇਨ ਲਈ ਉਹਦਾ ਧਿਆਨ

ਬੀਤੇ ਸਮੇਂ ਵਿਚ ਵੇਖਣ ਤੇ ਪਤਾ ਲਗਦਾ ਹੈ ਕਿ ਸੰਸਾਰ ਦਾ ਅਧਿਕਾਰੀ ਹੋਣ ਕਰਕੇ ਉਹ ਸਮਾਂ ਕੱਢ ਕੇ ਇਕ ਅਜਿਹੇ ਮਨੁੱਖ ਲਈ ਧਰਤੀ ਤੇ ਆਉਂਦਾ ਹੈ ਜਿਸ ਨੂੰ ਅਸੀਂ ਪਾਪੀ, ਕ੍ਰੋਧੀ, ਉਦਾਸ ਅਤੇ ਨਰਾਜ਼ ਕਇਨ ਦੇ ਰੂਪ ਵਿਚ ਜਾਣਦੇ ਹਾਂ। ਕਇਨ ਨੂੰ ਦਰੁੱਸਤ ਜਾਂ ''ਭਲਾ'' ਬਣਨ ਦਾ ਮੌਕਾ ਦਿੱਤਾ ਗਿਆ ਸੀ (ਉਤਪਤ 4:7), ਪਰ ਉਸ ਨੇ ਆਪੇ ਭਲਾ ਕਰਨਾ ਨਹੀਂ ਸਗੋਂ ਗ਼ਲਤ ਕਰਨਾ ਚੁਣਿਆ ਸੀ। ਸਾਰੇ ਅਧਿਕਾਰਾਂ ਵਾਲਾ ਸੁਰਗ ਦਾ ਵਿਅਸਤ ਖ਼ੁਦਾ ਸੁਰਗ ਵਿਚ ਰਹਿ ਕੇ, ਉਸ ਨਾਫ਼ਰਮਾਨ ਕਇਨ ਨੂੰ ਅਣਡਿੱਠਾ ਕਰ ਸਕਦਾ ਸੀ, ਪਰ ਇਕ ਪਾਪੀ ਲਈ ਉਸਦਾ ਧਿਆਨ ਖ਼ੁਦਾ ਨੂੰ ਇਨਸਾਨ ਨਾਲ ਨਿਜੀ ਕੰਮ ਲਈ ਸੁਰਗ ਤੋਂ ਹੇਠਾਂ ਲੈ ਆਇਆ।

ਖ਼ੁਦਾ ਨੇ ਕਇਨ ਨੂੰ ਬਚਾਉਣ ਦੀ ਇੱਛਿਆ ਕੀਤੀ ਸੀ। ਉਸ ਨੇ ਉਸਨੂੰ ਪਾਪ ਤੇ ਕਾਬੂ ਪਾ ਕੇ ਖ਼ੁਦਾ ਕੋਲ ਮੰਜ਼ੂਰ ਹੋਣ ਦਾ ਤਰੀਕਾ ਸਮਝਾਇਆ ਸੀ (ਉਤਪਤ 4:7)। ਕਇਨ ਵੱਲੋਂ ਖ਼ੁਦਾ ਦੇ ਦਿੱਤੇ ਗਏ ਮੌਕੇ ਨੂੰ ਸਹੀ ਸੰਗ ਨਾਲ ਮੰਨਣ ਵਿਚ ਨਾਕਾਮ ਹੋਣ ਲਈ ਕਿਸੇ ਵੀ ਤਰ੍ਹਾਂ ਨਾਲ ਉਹਦਾ ਧਿਆਨ ਘੱਟ ਨਹੀਂ ਹੁੰਦਾ। ਭਲਿਆਈ ਕਰਨ ਵਾਲਾ ਪ੍ਰਭੂ ਇਸ ਗੱਲ ਤੋਂ ਦੁਖੀ ਸੀ ਕਿ ਕਇਨ ਨੇ ਬੁਰਿਆਈ ਨੂੰ ਚੁਣਿਆ ਸੀ।

## ਨੂਹ ਦੇ ਵਕਤ ਦੇ ਲੋਕਾਂ ਲਈ ਉਸਦਾ ਧਿਆਨ

ਨੂਹ ਦੇ ਵਕਤ, ਜਦ ਲੋਕਾਂ ਦੀ ਹਵਸ ਬਹੁਤ ਵਧ ਗਈ ਸੀ ਅਤੇ ''ਉਨ੍ਹਾਂ ਨੇ ਆਪਣੇ ਲਈ ਸਾਰੀਆਂ ਚੁਣੀਆਂ ਹੋਈਆਂ ਵਿੱਚੋਂ ਤੀਵੀਆਂ ਕੀਤੀਆਂ'' (ਉਤਪਤ 6:2), ਤਾਂ ਪਵਿੱਤਰ ਅਤੇ ਪ੍ਰੇਮੀ ਖ਼ੁਦਾ ਨੂੰ ਬੜਾ ਬੁਰਾ ਲੱਗਾ ਸੀ। ''ਯਹੋਵਾਹ ਨੂੰ ਆਦਮੀ ਦੇ ਧਰਤੀ ਉੱਤੇ ਬਣਾਉਣ ਤੋਂ ਰੰਜ ਹੋਇਆ ਅਤੇ ਉਹ ਮਨ ਵਿਚ ਦੁਖੀ ਹੋਇਆ'' (ਉਤਪਤ 6:6)। ਖ਼ੁਦਾ ਲਈ ਗ਼ਲਤੀ ਕਰਕੇ ਮਨ ਨੂੰ ਬਦਲਣ ਦੇ ਅਰਥ ਵਿਚ, ਪਛਤਾਉਣ ਵਾਲੀ ਗੱਲ ਨਾਮੁਮਕਿਨ ਹੈ

(1 ਸਮੂਏਲ 15:29)। ਪਰ ਮਨੁੱਖ ਦੇ ਢੀਠ ਹੋਣ ਨਾਲ ਰੰਜੀਦਾ ਅਤੇ ਦੁਖੀ ਹੁੰਦਾ ਹੈ (ਇਬ.: *naham;* 1 ਸਮੂਏਲ 15:11, 35; ਨਿਆਈਆਂ 2:18; ਯਿਰਮਿਯਾਹ 42:10) ਅਤੇ ਪਛਤਾਉਂਦਾ ਰਹਿੰਦਾ ਹੈ (ਪ੍ਰਕਾਸ਼ ਦੀ ਪੋਥੀ 3:20)।

ਇਨਸਾਨ ਲਈ ਆਪਣੇ ਮੋਹ ਕਰਕੇ ਖ਼ੁਦਾ ਨੇ ਕਦੇ ਵੀ ਪਾਪ ਨੂੰ ਅਣਡਿੱਠਾ ਕਰਕੇ ਸਜ਼ਾ ਦੇਣਾ ਨਹੀਂ ਰੋਕਿਆ ਹੈ। ਨੂਹ ਦੇ ਵਕਤ ਦੇ ਲੋਕ, 120 ਸਾਲ ਤਕ ਨੂਹ ਦੇ ਪ੍ਰਚਾਰ ਦੇ ਰਾਹੀਂ ਖ਼ੁਦਾ ਦੀ ਬੇਨਤੀ ਸੁਣਨ ਦੇ ਬਾਅਦ, ਖ਼ੁਦਾ ਦੇ ਕਹਿਰ ਨਾਲ ਪਾਣੀ ਵਿਚ ਡੁੱਬ ਗਏ ਸਨ। ਖ਼ੁਦਾ ਦੀ ਇੱਛਿਆ ਉਨ੍ਹਾਂ ਦਾ ਨਾਸ ਕਰਨਾ ਨਹੀਂ ਸੀ, ਬਲਕਿ ਪਾਪੀਆਂ ਨੇ ਉਸ ਨੂੰ ਉਨ੍ਹਾਂ ਨੂੰ ਸਜ਼ਾ ਦੇਣ ਲਈ ਮਜਬੂਰ ਕਰ ਦਿੱਤਾ ਸੀ।

## ਮੋਆਬ ਲਈ ਉਸਦਾ ਧਿਆਨ

ਲੂਤ ਦੇ ਖ਼ਾਨਦਾਨ ਦੇ ਮੋਆਬੀ ਲੋਕਾਂ ਨੇ ਵਿਭਚਾਰ ਕੀਤਾ ਅਤੇ ਮੂਰਤੀਆਂ ਅੱਗੇ ਚੜ੍ਹਾਵੇ ਚੜ੍ਹਾਏ, ਤਦ ਵੀ ਖ਼ੁਦਾ ਉਨ੍ਹਾਂ ਨਾਲ ਪਿਆਰ ਕਰਦਾ ਸੀ, ਕਿਉਂਕਿ ਉਹ ਨੂੰ ਉਨ੍ਹਾਂ ਦਾ ਧਿਆਨ ਸੀ। ਉਸ ਨੇ ਪੁਕਾਰ ਕੇ ਆਖਿਆ, ''ਮੇਰਾ ਦਿਲ ਮੋਆਬ ਲਈ ਚਿਲਾਉਂਦਾ ਹੈ'' (ਯਸਾਯਾਹ 15:5)। ''ਇਸ ਲਈ ਮੇਰਾ ਮਨ ਮੋਆਬ ਲਈ ਬਰਬਤ ਵਾਂਙੂ ਗੱਜਦਾ ਹੈ ਅਤੇ ਮੇਰਾ ਦਿਲ ਕੀਰ-ਹਾਰਸ ਲਈ ਵੀ'' (ਯਸਾਯਾਹ 16:11)। ਭਾਵੇਂ ਮੋਆਬੀ ਲੋਕ ਧਾਰਮਿਕਤਾ ਤੋਂ ਦੂਰ ਹੋ ਗਏ ਸਨ (ਗਿਣਤੀ 25:1-5), ਪਰ ਉਹ ਖ਼ੁਦਾ ਦੀ ਸੰਭਾਲ ਤੋਂ ਦੂਰ ਨਹੀਂ ਹੋ ਸਕੇ ਸਨ।

## ਨੀਨਵਾਹ ਲਈ ਉਸਦਾ ਧਿਆਨ

ਵੱਡੇ ਨਗਰ ਨੀਨਵਾਹ ਦੇ ਅੱਸ਼ੂਰੀ ਲੋਕ ਵੀ ਇਸੇ ਤਰ੍ਹਾਂ ਧਾਰਮਿਕਤਾ ਤੋਂ ਦੂਰ ਹੋ ਗਏ ਸਨ। ਖ਼ੁਦਾ ਦਾ ਕਹਿਣਾ ਸੀ ਕਿ ''ਉਨ੍ਹਾਂ ਦੀ ਬੁਰਿਆਈ ਮੇਰੇ ਸਨਮੁਖ ਉਤਾਹਾਂ ਤਕ ਆਈ ਹੈ!'' (ਯੂਨਾਹ 1:2)। ਨਰਮ ਅਤੇ ਦੁਖੀ ਮਨ ਨਾਲ ਖ਼ੁਦਾ ਮਨੁੱਖ ਦੀ ਬੇਹਤਰੀ ਲਈ ਲਗਾਤਾਰ ਕੰਮ ਕਰ ਰਿਹਾ ਸੀ। ਉਸ ਨੇ ਪਰਮੇਸ਼ੁਰ ਦੇ ਲੋਕਾਂ ਦੇ ਚਾਲ ਚਲਣ ਨੂੰ ਸੁਧਾਰਨ ਲਈ ਰੂਹਾਂ ਨੂੰ ਜਿੱਤਣ ਵਾਲਾ ਇਕ ਕਾਬਲ ਬੰਦਾ ਘੱਲਿਆ। ਆਖ਼ਰ ਯੂਨਾਹ ਨੇ ਉੱਥੇ ਪਹੁੰਚ ਕੇ ਬਹੁਤ ਹੀ ਵਧੀਆ ਕੰਮ ਕੀਤਾ ਅਤੇ ਪੂਰੇ ਸ਼ਹਿਰ ਦੇ ਤੌਬਾ ਕਰਨ ਤੇ ਖ਼ੁਦਾ ਦਾ ਦਿਲ ਖੁਸ਼ੀ ਨਾਲ ਭਰ ਗਿਆ ਸੀ।

ਖ਼ੁਦ ਯੂਨਾਹ ਦਾ ਵਿਹਾਰ ਉਨ੍ਹਾਂ ਗੁਆਚੇ ਹੋਏ ਲੋਕਾਂ ਨਾਲ ਚੰਗਾ ਨਹੀਂ ਸੀ। ਉਸਦੇ ਮਨ ਵਿਚ ਉਨ੍ਹਾਂ ਭਟਕੇ ਹੋਏ ਲੋਕਾਂ ਲਈ ਵੈਸੀ ਫ਼ਿਕਰ ਨਹੀਂ ਸੀ ਜੈਸੀ ਖ਼ੁਦਾ ਨੂੰ ਸੀ। ਖ਼ੁਦਾ ਨੇ ਉਸ ਨੂੰ ਇਹ ਵਿਖਾਉਣ ਦੀ ਕੋਸ਼ਿਸ਼ ਕੀਤੀ ਕਿ ਉਨ੍ਹਾਂ ਛੋਟੇ-ਛੋਟੇ ਬੱਚਿਆਂ ਦੀ ਖ਼ਾਤਰ ''ਜਿਹੜੇ ਆਪਣੇ ਸੱਜੇ ਖੱਬੇ ਨੂੰ ਵੀ ਸਿਆਣ ਨਹੀਂ ਸੱਕਦੇ'' ਮਰ ਰਹੇ ਲੋਕਾਂ ਦੀ ਫ਼ਿਕਰ ਕਰਨੀ ਜ਼ਰੂਰੀ ਹੈ (ਯੂਨਾਹ 4:11)।

## ਨਾਫ਼ਰਮਾਨ ਇਸਰਾਏਲੀਆਂ ਲਈ ਉਸਦਾ ਧਿਆਨ

ਅਬਰਾਹਾਮ ਦੀ ਸੰਤਾਨ ਨੂੰ ਮਿਸਰ ਦੇ ਜ਼ਾਲਮ ਲੋਕਾਂ ਦੀ ਸਖ਼ਤ ਗ਼ੁਲਾਮੀ ਵਿਚ ਵੇਖ ਕੇ ਸੁਰਗ ਦੇ ਖ਼ੁਦਾ ਨੂੰ ਤਕਲੀਫ਼ ਹੋਈ ਸੀ। ਉਸ ਨੇ ਕਿਹਾ:

> ਮੈਂ ਆਪਣੀ ਪਰਜਾ ਦੀ ਮੁਸੀਬਤ ਨੂੰ ਜਿਹੜੀ ਮਿਸਰ ਵਿਚ ਹੈ ਸੱਚ ਮੁੱਚ ਵੇਖਿਆ ਹੈ ਅਰ ਉਨ੍ਹਾਂ ਦੀ ਦੁਹਾਈ ਜੋ ਉਨ੍ਹਾਂ ਤੋਂ ਬੇਗਾਰ ਕਰਾਉਣ ਵਾਲਿਆਂ ਦੇ ਕਾਰਣ ਹੈ ਸੁਣੀ ਕਿਉਂ ਜੋ ਮੈਂ ਉਨ੍ਹਾਂ ਦੇ ਦੁੱਖਾਂ ਨੂੰ ਜਾਣਦਾ ਹਾਂ (ਕੂਚ 3:7)।

ਉਨ੍ਹਾਂ ਨੂੰ ਉੱਥੋਂ ਕੱਢਣ ਦੇ ਬਾਅਦ ਇਹ ਦੱਸਣ ਨਾਲ ਉਹਨੂੰ ਚੰਗਾ ਲੱਗਾ ਸੀ:

> ਜਦ ਇਸਰਾਏਲ ਮੁੰਡਾ ਸੀ ਮੈਂ ਉਹ ਨੂੰ ਪਿਆਰ ਕੀਤਾ, ਅਤੇ ਆਪਣੇ ਪੁੱਤਰ ਨੂੰ ਮਿਸਰ ਵਿੱਚੋਂ ਸੱਦਿਆ ... ਮੈਂ ਉਨ੍ਹਾਂ ਨੂੰ ਆਦਮੀ ਦਿਆਂ ਰੱਸਿਆਂ ਨਾਲ, ਅਤੇ ਪ੍ਰੇਮ ਦਿਆਂ ਬੰਧਨਾਂ ਨਾਲ ਖਿੱਚਿਆ। ਮੈਂ ਉਨ੍ਹਾਂ ਲਈ ਉਹ ਬਣਿਆ ਜੋ ਉਨ੍ਹਾਂ ਦੇ ਜਬਾੜਿਆਂ ਉੱਤੋਂ ਲਗਾਮ ਚੁੱਕਦਾ ਹੈ, ਮੈਂ ਉਨ੍ਹਾਂ ਦੀ ਵੱਲ ਝੁੱਕ ਕੇ ਖੁਆਇਆ (ਹੋਸ਼ੇਆ 11:1, 4)

ਖ਼ੁਦਾ ਦਾ ਪਿਆਰ ਭਰਿਆ ਮਨ ਪਹਿਲਾਂ ਤੋਂ ਹੀ ਜਾਣਦਾ ਸੀ ਕਿ ਇਸਰਾਏਲੀ ਲੋਕ ਉਹਦੀ ਕਿਰਪਾ ਨੂੰ ਸਰਾਹੁਣਗੇ ਨਹੀਂ, ਇਸ ਲਈ ਉਹ ਬੜਾ ਦੁਖੀ ਹੋਇਆ:

> ''ਭਲਾ ਹੁੰਦਾ ਜੇ ਉਨ੍ਹਾਂ ਵਿਚ ਅਜੇਹਾ ਮਨ ਹੁੰਦਾ ਕਿ ਓਹ ਮੈਥੋਂ ਡਰਦੇ ਅਤੇ ਸਦਾ ਮੇਰੇ ਸਾਰੇ ਹੁਕਮਾਂ ਨੂੰ ਮੰਨਦੇ ਤਾਂ ਜੋ ਉਨ੍ਹਾਂ ਦਾ ਅਤੇ ਉਨ੍ਹਾਂ ਦੇ ਬੱਚਿਆਂ ਦਾ ਸਦਾ ਤੀਕ ਭਲਾ ਹੁੰਦਾ'' (ਵਿਵਸਥਾਸਾਰ 5:29)।

ਜਦ ਉਹ ਸ਼ੈਤਾਨ ਦੀ ਸੇਵਾ ਕਰਦਿਆਂ ਪਾਪ ਵਿਚ ਜ਼ਿੰਦਗੀ ਗੁਜ਼ਾਰ ਰਹੇ ਸਨ ਉਦੋਂ ਵੀ ਖ਼ੁਦਾ ਨੇ ਉਨ੍ਹਾਂ ਨੂੰ ਸੰਭਾਲੀ ਰੱਖਿਆ। ਉਸ ਨੇ ਉਨ੍ਹਾਂ ਨੂੰ ਆਖਿਆ:

> ਪ੍ਰਭੂ ਯਹੋਵਾਹ ਦਾ ਵਾਕ ਹੈ, ਮੈਨੂੰ ਆਪਣੀ ਜਾਨ ਦੀ ਸਹੁੰ, ਦੁਸ਼ਟ ਦੀ ਮੌਤ ਵਿਚ ਮੈਨੂੰ ਕੋਈ ਖੁਸ਼ੀ ਨਹੀਂ, ਸਗੋਂ ਇਸ ਵਿਚ ਹੈ, ਕਿ ਦੁਸ਼ਟ ਆਪਣੀ ਰਾਹ ਤੋਂ ਮੁੜੇ, ਅਤੇ ਜੀਉਂਦਾ ਰਹੇ। ਹੇ ਇਸਰਾਏਲ ਦੇ ਘਰਾਣੇ, ਤੁਸੀਂ ਮੁੜੋ। ਤੁਸੀਂ ਆਪਣੇ ਭੈੜੇ ਰਾਹ ਤੋਂ ਮੁੜੋ! ਤੁਸੀਂ ਕਿਉਂ ਮਰੋਗੇ? (ਹਿਜ਼ਕੀਏਲ 33:11)।

ਸੁਰਗੀ ਪਿਤਾ ਬੁਰਿਆਈ ਨਾਲ ਕੋਈ ਸਮਝੌਤਾ ਨਹੀਂ ਕਰ ਸਕਦਾ ਸੀ। ਬਾਰ-ਬਾਰ ਉਸ ਨੂੰ ਆਪਣੇ ਬੱਚਿਆਂ ਨੂੰ ਝਿੜਕਣਾ ਜ਼ਰੂਰੀ ਸੀ, ਪਰ ਝਿੜਕਣਾ ਉਸਨੂੰ ਚੰਗਾ ਨਹੀਂ ਲੱਗਦਾ ਸੀ:

> ਕੀ ਅਫ਼ਰਾਈਮ ਮੇਰਾ ਪਿਆਰਾ ਪੁੱਤਰ ਹੈ? ਕੀ ਉਹ ਲਾਡਲਾ ਬੱਚਾ ਹੈ? ਜਦ ਕਦੇ ਵੀ ਮੈਂ ਉਹ ਦੇ ਵਿਰੁੱਧ ਬੋਲਦਾ ਹਾਂ, ਤਦ ਵੀ ਮੈਂ ਹੁਣ ਤਕ ਉਹ ਨੂੰ ਚੇਤੇ ਰੱਖਦਾ ਹਾਂ, ਮੇਰਾ ਦਿਲ ਉਹ ਦੇ ਲਈ ਤਰਸਦਾ ਹੈ, ਮੈਂ ਸੱਚ ਮੁੱਚ ਉਹ ਦੇ ਉੱਤੇ ਰਹਿਮ ਕਰਾਂਗਾ, ਯਹੋਵਾਹ ਦਾ ਵਾਕ ਹੈ (ਯਿਰਮਿਯਾਹ 31:20)।

ਖ਼ੁਦਾ ਦਾ ਡੂੰਘਾ ਪਿਆਰ ਮਾਂ ਦੇ ਪਿਆਰ ਨਾਲੋਂ ਵੀ ਵੱਧ ਹੈ:

> ਭਲਾ, ਤੀਵੀਂ ਆਪਣੇ ਦੁੱਧ ਚੁੰਘਦੇ ਬੱਚੇ ਨੂੰ ਭੁਲਾ ਸਕਦੀ ਹੈ, ਭਈ ਉਹ ਆਪਣੇ ਢਿੱਡ ਦੇ ਬਾਲ ਉੱਤੇ ਰਹਿਮ ਨਾ ਕਰੇ? ਇਹ ਭਾਵੇਂ ਭੁੱਲ ਜਾਣ ਪਰ ਮੈਂ ਤੈਨੂੰ ਨਹੀਂ ਭੁੱਲਾਂਗਾ। ਵੇਖ ਮੈਂ ਤੈਨੂੰ ਆਪਣੀਆਂ ਹਥੇਲੀਆਂ ਉੱਤੇ ਉੱਕਰ ਲਿਆ, ਤੇਰੀਆਂ ਕੰਧਾਂ ਸਦਾ ਮੇਰੇ ਸਾਹਮਣੇ ਹਨ (ਯਸਾਯਾਹ 49:15, 16)।

ਨਾਫ਼ਰਮਾਨ ਇਸਰਾਏਲੀਆਂ ਨੂੰ ਸਜ਼ਾ ਦੇਣ ਨਾਲ ਉਸਨੂੰ ਖੁਸ਼ੀ ਨਹੀਂ ਹੁੰਦੀ ਸੀ। ਕਿਉਂਕਿ ''ਉਨ੍ਹਾਂ ਦੇ ਸਭ ਦੁੱਖਾਂ ਵਿਚ ਉਹ ਦੁਖੀ ਹੋਇਆ'' (ਯਸਾਯਾਹ 63:9)। ਉਨ੍ਹਾਂ ਦੇ ਗ਼ਲਤ ਕੰਮਾਂ ਨਾਲ ਉਸ ਨੂੰ ਦੁੱਖ ਹੁੰਦਾ ਸੀ, ਪਰ ਆਪਣੀ ਪਵਿੱਤਰਤਾ ਦੇ ਕਾਰਣ ਉਸਦੇ ਲਈ ਉਨ੍ਹਾਂ ਨੂੰ ਕਲੇਸ਼ ਵਿਚ ਪਾਉਣਾ ਜ਼ਰੂਰੀ ਸੀ: ''ਉਹ ਆਕੀ ਹੋ ਗਏ, ਅਤੇ ਉਹਦੇ ਪਵਿੱਤਰ ਆਤਮਾ ਨੂੰ ਗਰੰਜ ਕੀਤਾ, ਉਹ ਉਲਟਾ ਉਨ੍ਹਾਂ ਦਾ ਵੈਰੀ ਬਣ ਗਿਆ, ਅਤੇ ਆਪ ਉਨ੍ਹਾਂ ਨਾਲ ਲੜਿਆ'' (ਯਸਾਯਾਹ 63:10)।

ਸ਼ੁਰੂ ਤੋਂ ਅਖ਼ੀਰ ਤਕ ਦੀ ਗੱਲ ਨੂੰ ਜਾਣਨ ਵਾਲਾ ਵੇਖ ਸਕਦਾ ਹੈ ਕਿ ਕੁਝ ਲੋਕ ਤੌਬਾ ਕਰਨਗੇ ਅਤੇ ਆਪਣੇ ਮਹਾਨ ਪਿਆਰ ਨਾਲ ਉਸ ਨੇ ਮਸੀਹੀਅਤ ਲਈ ਇਕ ਖਾਕਾ ਤਿਆਰ ਕਰ ਲਿਆ। ਮਸੀਹੀ ਹੋਣ ਦੀ ਸਭ ਤੋਂ ਵੱਡੀ ਦੌਲਤ, ਰਾਜ ਵਿਚ ਹੋਣ ਦੀ ਬਰਕਤ ਹੈ, ਜਿਸ ਨੂੰ ਨਾ ਅੱਖ ਨੇ ਵੇਖਿਆ ਸੀ ਨਾ ਕੰਨ ਨੇ ਸੁਣਿਆ ਸੀ: ''ਪਰਾਚੀਨ ਸਮਿਆਂ ਤੋਂ ਨਾ ਕਿਸੇ ਸੁਣਿਆ, ਨਾ ਕਿਸੇ ਦੇ ਕੰਨ ਵਿਚ ਪਿਆ ਨਾ ਅੱਖ ਨੇ ਕਿਸੇ ਹੋਰ ਪਰਮੇਸ਼ੁਰ ਨੂੰ ਵੇਖਿਆ, ਜੋ ਆਪਣੇ ਉਡੀਕਣ ਵਾਲਿਆਂ ਲਈ ਕੰਮ ਕਰਦਾ ਹੈ'' (64:4)। ਵਾਅਦਾ ਕੀਤੇ ਹੋਏ ਰਾਜ ਵਿਚ, ਗੁਆਚੇ ਹੋਇਆਂ ਲਈ ਖ਼ੁਦਾ ਦੀ ਫ਼ਿਕਰ ਇਸ ਹੱਦ ਤਕ ਆ ਜਾਣੀ ਸੀ।

## ਅੱਜ ਪਾਪੀਆਂ ਲਈ ਉਹਦਾ ਧਿਆਨ

ਪਿਤਾ ਦਾ ਪਿਆਰ ਮੋਆਬੀਆਂ, ਨੀਨਵਾਹ ਦੇ ਲੋਕਾਂ ਜਾਂ ਇਸਰਾਏਲੀਆਂ ਲਈ ਹੀ ਨਹੀਂ, ਬਲਕਿ ਸਭ ਕੌਮਾਂ ਲੋਕਾਂ ਲਈ ਹੈ। ਖ਼ੁਦਾ ਪੱਖਪਾਤ ਨਹੀਂ ਕਰਦਾ। ਉਸਦੇ ਪੁੱਤਰ ਨੂੰ ਸਾਰੇ ਜਗਤ ਦੇ ਪਾਪਾਂ ਦੇ ਪ੍ਰਾਸਚਿਤ ਲਈ ਘੱਲਿਆ ਗਿਆ ਸੀ (1 ਯੂਹੰਨਾ 2:2)। ਉਸਦੀ ਦਿਲਚਸਪੀ ਇਸ ਗੱਲ ਵਿਚ ਹੈ ਕਿ ਕੋਈ ਵੀ ਮਨੁੱਖ ਨਾਸ ਨਾ ਹੋਵੇ।

2 ਪਤਰਸ 3:9 ਵਿਚ ਅਸੀਂ ਪੜ੍ਹਦੇ ਹਾਂ, ''ਪ੍ਰਭੂ ਆਪਣੇ ਵਾਅਦੇ ਦਾ ਮੱਠਾ ਨਹੀਂ ਜਿਵੇਂ ਕਿੰਨੇ ਹੀ ਮੱਠੇ ਦਾ ਭਰਮ ਕਰਦੇ ਹਨ ਪਰ ਉਹ ਤੁਹਾਡੇ ਨਾਲ ਧੀਰਜ ਕਰਦਾ ਹੈ ਕਿਉਂ ਜੋ ਉਹ ਨਹੀਂ ਚਾਹੁੰਦਾ ਹੈ ਭਈ ਕਿਸੇ ਦਾ ਨਾਸ ਹੋਵੇ ਸਗੋਂ ਸੱਭੇ ਤੌਬਾ ਵੱਲ ਮੁੜਨ।'' ਇਨ੍ਹਾਂ ਹਕੀਕਤਾਂ ਨੂੰ ਜਾਣਨ ਵਾਲੇ ਹਰ ਪਾਪੀ ਨੂੰ ਚਾਹੀਦਾ ਹੈ ਕਿ ਪਿਆਰ ਨਾਲ ਉਹਦੀ ਗੱਲ ਮੰਨ ਲਵੇ ਕਿਉਂਕਿ ਪਹਿਲਾਂ ਖ਼ੁਦਾ ਨੇ ਪਿਆਰ ਕੀਤਾ ਹੈ (1 ਯੂਹੰਨਾ 4:19)।